JUSTICE FOR TRUCK DRIVERS

## TRUCK DRIVERS &

# MISCLASSIFICATION

Misclassification is when workers are treated as independent contractors rather than employees.

**Did you know misclassification is illegal?**

You are generally an employee under the law if you do not own the truck that you drive, work full-time for one employer and have to follow their directions on when to work and what trips to take. However, employers often hire workers this way so they can save money and avoid providing workers with the rights they are entitled to.

For example, employees have access to:

- Protection from wages being deducted for security, damages or accidents
- Protection from unjust dismissal (cannot be fired for asking about your rights, being injured, refusing unsafe or illegal work) including termination and severance pay
- Vacation time, vacation pay, overtime pay and general holiday pay
- 10 paid sick days per year
- Workers compensation in case of injury or death

Sometimes, workers want to be hired as independent contractors because they think they will save money in taxes. This is because wages continue to drop in trucking compared to the cost of living and that is not fair.

**That is why we are also fighting for higher wages. We deserve BOTH our rights and decent wages. Where workers cannot make profits, they should also not be forced to take risks as well.**

Consequences of misclassification:

- It lowers wages and working conditions across the industry for all workers
- Workers lose their rights and protections under the law
- It makes it harder for workers to access justice. When rights are violated, independent contractors have to fight through Small Claims Court where there are fees and risks. Employees can file claims for free through the Ministry of Labour.

If you need information about your rights or legal support, contact Labour Community Services of Peel at 289-544-2998 or info@labourcsp.ca.

**Get involved with the Justice for Truck Drivers campaign!**

@JUSTICE4TD

@Justice4TD

@justice4truckdrivers

# TRUCK DRIVERS & MISCLASSIFICATION

JUSTICE FOR TRUCK DRIVERS

ਮਿਸਕਲਾਸੀਫੀਕੇਸ਼ਨ ਉਦੋਂ ਹੁੰਦੀ ਹੈ ਜਦੋਂ ਇਕ ਇੰਮਪਲਾਈ ਨੂੰ ਇੰਡੀਪੈਂਡੈਂਟ ਕੰਨਟਰੈਕਟਰ ਬਣਾ ਦਿੱਤਾ ਜਾਂਦਾ ਹੈ। ਮਿਸਕਲਾਸੀਫੀਕੇਸ਼ਨ ਪਹਿਲਾਂ ਤੋਂ ਹੀ ਗੈਰਕਾਨੂੰਨੀ ਹੈ। ਜਿਹੜਾ ਟਰੱਕ ਤੁਸੀਂ ਚਲਾਉਂਦੇ ਹੋ ਅਗਰ ਉਹ ਤੁਹਾਡਾ ਆਪਣਾ ਨਹੀਂ ਹੈ ਤਾਂ ਕਾਨੂੰਨ ਦੇ ਅਨੁਸਾਰ ਤੁਸੀਂ ਇੰਪਲਾਈ ਹੀ ਹੋ। ਜਦੋਂ ਤੁਸੀਂ ਕਿਸੇ ਹੋਰ ਮਾਲਕ ਦਾ ਟਰੱਕ ਚਲਾਉਂਦੇ ਹੋ ਤੇ ਤੁਸੀਂ ਉਸ ਵਲੋਂ ਦਿੱਤੀਆਂ ਹਦਾਇਤਾਂ ਮੰਨਦੇ ਹੋ ਕਿ ਕਿਹੜਾ ਟਰਿੱਪ ਲੈ ਕੇ ਜਾਣਾ ਹੈ।

ਬਹੁਤੀ ਵਾਰ ਕੰਪਨੀ ਮਾਲਕ ਤੁਹਾਨੂੰ ਇਸ ਤਰ੍ਹਾਂ ਹੀ ਹਾਇਰ ਕਰਦੇ ਹਨ ਜਿਸ ਨਾਲ ਉਹਨਾਂ ਨੂੰ ਆਰਥਿਕ ਫਾਇਦਾ ਪਹੁੰਚਦਾ ਹੈ ਤੇ ਵਰਕਰ ਨੂੰ ਉਸਦੇ ਹੱਕਾਂ ਮੁਤਾਬਕ ਦੇਣ ਵਾਲੀਆਂ ਸਹੂਲਤਾਂ ਤੋਂ ਵੀ ਮਾਲਕ ਨੂੰ ਛੁਟਕਾਰਾ ਮਿਲ ਜਾਂਦਾ ਹੈ।

ਉਦਾਹਰਣ ਦੇ ਤੌਰ 'ਤੇ ਇੰਮਪਲਾਈਜ਼ ਕੋਲ ਹੇਠ ਲਿਖੀਆਂ ਸਹੂਲਤਾਂ ਤੱਕ ਪਹੁੰਚ ਹੋ ਜਾਂਦੀ ਹੈ:

- ਸਕਿਉਰਟੀ, ਕਿਸੇ ਹੋਰ ਨੁਕਸਾਨ ਅਤੇ ਐਕਸੀਡੈਂਟ ਦੇ ਨਾਂ ਥੱਲੇ ਪੇਅ 'ਚੋਂ ਪੈਸੇ ਨਹੀਂ ਕੱਟੇ ਜਾ ਸਕਦੇ
- ਗੈਰਕਾਨੂੰਨੀ ਢੰਗ ਨਾਲ ਕੰਮ ਤੋਂ ਹਟਾਏ ਜਾਣ 'ਤੇ ਵਰਕਰ ਨੂੰ ਸੁਰੱਖਿਆ ਮਿਲਦੀ ਹੈ (ਜਿਵੇਂ ਸੱਟ ਲੱਗਣ, ਖਤਰੇ ਵਾਲੀ ਥਾਂ 'ਤੇ ਜਾਂ ਗੈਰਕਾਨੂੰਨੀ ਕੰਮ ਨੂੰ ਕਰਨ ਤੋਂ ਜਵਾਬ ਦੇਣ 'ਤੇ, ਇਸ 'ਚ ਟਰਮੀਨੇਸ਼ਨ ਅਤੇ ਸੈਵਰੈਂਸ ਪੇਅ ਮੰਗਣਾ ਵੀ ਸ਼ਾਮਿਲ ਹੈ। ਜਾਂ ਆਪਣੇ ਹੱਕਾਂ ਬਾਰੇ ਗੱਲ ਕਰਨ ਤੇ ਵੀ ਤੁਹਾਨੂੰ ਕੰਮ 'ਤੋਂ ਨਹੀਂ ਹਟਾਇਆ ਜਾ ਸਕਦਾ)
- ਵੋਕੇਸ਼ਨ ਟਾਈਮ, ਵੋਕੇਸ਼ਨ ਪੇਅ, ਓਵਰਟਾਈਮ ਪੇਅ ਅਤੇ ਜਨਰਲ ਹੌਲੀਡੇਅ
- ਬਿਮਾਰ ਹੋ ਜਾਣ 'ਤੇ ਸਾਲ 'ਚ 10 ਦਿਨ ਦੀਆਂ ਪੇਅ ਸਮੇਤ ਛੁੱਟੀਆਂ
- ਕੰਮ 'ਤੇ ਸੱਟ ਲੱਗ ਜਾਣ ਜਾਂ ਮੌਤ ਹੋ ਜਾਣ 'ਤੇ ਵਰਕਰਜ਼ ਕੰਮਪਨਸੇਸ਼ਨ

ਕਈ ਵਾਰ ਤਾਂ ਵਰਕਰ ਵੀ ਇੰਡੀਪੈਂਡੈਂਟ ਕੰਨਟਰੈਕਟਰ ਦੇ ਤੌਰ 'ਤੇ ਹਾਇਰ ਹੋਣਾ ਚਾਹੁੰਦੇ ਹਨ ਕਿਉਂਕਿ ਉਹਨਾਂ ਨੂੰ ਲੱਗਦਾ ਹੈ ਕਿ ਉਹ ਟੈਕਸ 'ਚੋਂ ਕੁਝ ਪੈਸੇ ਬਚਾ ਲੈਣਗੇ। ਸਾਨੂੰ ਵੀ ਪਤਾ ਹੈ ਕਿ ਟਰੱਕਿੰਗ ਬਿਜਨਿਸ 'ਚ ਮਿਲਣ ਵਾਲੀ ਪੇਅ ਘੱਟ ਰਹੀ ਹੈ ਤੇ ਇਸ ਦੇ ਉਲਟ ਰਹਿਣ ਸਹਿਣ ਦੇ ਖਰਚੇ ਵੱਧ ਰਹੇ ਹਨ ਜੋ ਠੀਕ ਨਹੀਂ ਹੈ।

ਇਸ ਕਰਕੇ ਹੀ ਅਸੀਂ ਪੇਅ 'ਚ ਵਾਧਾ ਕਰਾਉਂਣ ਦੀ ਵੀ ਮੰਗ ਕਰ ਰਹੇ ਹਾਂ। ਅਸੀਂ ਦੋਹਾਂ ਲਈ ਹੱਕਦਾਰ ਹਾਂ ਕਿ ਸਾਨੂੰ ਸਾਡੇ ਹੱਕ ਵੀ ਮਿਲਣ ਤੇ ਚੰਗੀ ਪੇਅ ਵੀ। ਜਿੱਥੇ ਵਰਕਰ ਨੂੰ ਕੋਈ ਫਾਇਦਾ ਨਹੀਂ ਹੁੰਦਾ ਉੱਥੇ ਉਸਨੂੰ ਇਹੋ ਜਿਹਾ ਖਤਰੇ ਵਾਲਾ ਕੰਮ ਕਰਨ ਲਈ ਵੀ ਨਾ ਧੱਕਿਆ ਜਾਵੇ।

ਮਿਸਕਲਾਸੀਫੀਕੇਸ਼ਨ ਦੇ ਨੁਕਸਾਨ

- ਇਸ ਨਾਲ ਸਾਰੀ ਇੰਡਸਟਰੀ 'ਚ ਵਰਕਰਾਂ ਲਈ ਕੰਮ ਕਰਨ ਵਾਲੀਆਂ ਥਾਵਾਂ ਦੇ ਹਾਲਾਤ ਮਾੜੇ ਹੁੰਦੇ ਹਨ ਤੇ ਪੇਅ ਵੀ ਘੱਟ ਮਿਲਦੀ ਹੈ
- ਵਰਕਰਾਂ ਨੂੰ ਜਿਹੜੀ ਕਾਨੂੰਨ ਦੁਆਰਾ ਸੁਰੱਖਿਆ ਮਿਲਦੀ ਹੈ ਉਹ ਖਤਮ ਹੋ ਜਾਂਦੀ ਹੈ
- ਵਰਕਰਾਂ ਨੂੰ ਇੰਨਸਾਫ ਲੈਣ ਸਮੇਂ ਦਿੱਕਤਾਂ ਪੇਸ਼ ਆਉਂਦੀਆਂ ਹਨ। ਜਦੋਂ ਵਰਕਰਾਂ ਦੇ ਹੱਕਾਂ ਦੀ ਉਲੰਘਣਾ ਹੁੰਦੀ ਹੈ ਉਦੋਂ ਇੰਡੀਪੈਂਡੈਂਟ ਕੰਨਟਰੈਕਟਰ ਨੂੰ ਸਮਾਲ ਕਲੇਮ ਕੋਰਟ ਦੇ ਰਾਂਹੀ ਆਪਣਾ ਕੇਸ ਲੜਨਾ ਪੈਂਦਾ ਹੈ ਜਿੱਥੇ ਫੀਸ ਵੀ ਦੇਣੀ ਪੈਂਦੀ ਪੈਂਦੀ ਹੈ ਤੇ ਹੋਰ ਵੀ ਖਤਰੇ ਹਨ। ਇੰਮਪਲਾਈਜ਼ ਆਪਣਾ ਕੇਸ ਮਨਿਸਟਰੀ ਆਫ ਲੇਬਰ ਦੁਆਰਾ ਬਿਨਾਂ ਕਿਸੇ ਫੀਸ ਤੋਂ ਕਲੇਮ ਕਰ ਸਕਦੇ ਹਨ।

ਜੇ ਕਰ ਤੁਹਾਨੂੰ ਤੁਹਾਡੇ ਹੱਕਾਂ ਬਾਰੇ ਜਾਂ ਕਾਨੂੰਨੀ ਮਦਦ ਚਾਹੀਦੀ ਹੈ ਤਾਂ ਲੇਬਰ ਕਮਿਊਨਟੀ ਸਰਵਿਸਜ ਆਫ ਪੀਲ ਤੋਂ ਹੋਰ ਜਾਣਕਾਰੀ ਲੈ ਸਕਦੇ ਹੋ 289-544-2998 ਜਾਂ ਈਮੇਲ info@labourcsp.ca

**Get involved with the Justice for Truck Drivers campaign!**

@JUSTICE4TD

@Justice4TD

@justice4truckdrivers